

ਫੁੱਟਬਾਲ ਸਟੇਡੀਅਮ ਚੰਡੀਗੜ੍ਹ ਵਿਖੇ ਕਰਵਾਏਂ 'ਟਾਟਾ ਟੀ ਜਾਗੋ ਰੇ' ਫੁੱਟਬਾਲ ਮੁਕਾਬਲੇ 'ਚ ਵਧੀਆ ਗੋਲਕੀਪਰ ਦਾ ਸਨਮਾਨ ਲੈਂਦੇ ਹੋਏ। ਦੂਜੀ ਤਸਵੀਰ ਵਿਚ ਫਾਈਨਲ 'ਚ ਦੂਜੇ ਨੰਬਰ ਦੀ ਟੀਮ ਟ੍ਰਾਫੀ ਨਾਲ ਤੇ ਤੀਸਰੀ ਤਸਵੀਰ ਵਿਚ ਜੇਤੂ ਸਰਕਾਰੀ ਹਾਈ ਸਕੂਲ ਸੈਕਟਰ 36 ਦੀ ਟੀਮ ਦੇ ਖਿਡਾਰੀ ਖੁਸ਼ੀ ਦੇ ਪਲ ਸਾਂਝੇ ਕਰਦੇ ਹੋਏ। ਤਸਵੀਰ : ਕਮਲਜੀਤ ਸਿੰਘ

# 'ਸ਼ਾਕਰ ਸਟਾਰਜ਼ 2012' ਫ਼ੁੱਟਬਾਲ ਟੂਰਨਾਮੈਂਟ ਜੀ. ਐੱਮ. ਐੱਚ. ਐੱਸ-36 ਨੇ ਜਿੱਤਿਆ

ਚੰਡੀਗੜ੍ਹ, 17 ਜਨਵਰੀ (ਅਜਾਇਬ ਔਜਲਾ)-'ਸਰਬ ਭਾਰਤੀ ਟਾਟਾ ਟੀ ਜਾਗੋ ਰੇ' ਇੰਟਰ ਮਿਲਾਨ ਸਾਕਰ ਟੂਰਨਾਮੈਂਟ 'ਚ ਅੱਜ ਖੇਡੇ ਗਏ ਫਾਈਨਲ ਮੁਕਾਬਲੇ ਉਪਰੰਤ ਜੀ ਐੱਮ ਐੱਚ ਐੱਸ-36 ਦੀ ਟੀਮ ਨੇ ਜੇਤੂ ਹੋਣ ਦਾ ਮਾਣ ਹਾਸਲ ਕੀਤਾ। ਸਥਾਨਕ ਸੈਕਟਰ 17 ਦੇ ਫੁੱਟਬਾਲ ਸਟੇਡੀਅਮ ਵਿਖੇ ਕਰਵਾਏ ਗਏ ਇਸ ਟੂਰਨਾਮੈਂਟ 'ਚ ਜੇਤੂ ਟੀਮ ਨੇ ਇਕ ਤਰਫਾ ਮੈਚ 'ਚ ਸੈਂਟ ਸਟੀਫਨ ਦੀ ਟੀਮ ਨੂੰ 7-0 ਗੋਲਾਂ ਦੇ ਵੱਡੇ ਫ਼ਰਕ ਨਾਲ ਪਛਾੜਿਆ। ਮੈਚ ਦੌਰਾਨ ਜੀ ਐੱਮ ਐੱਚ ਐੱਸ 36 ਟੀਮ ਦੇ ਖਿਡਾਰੀ ਜਤਿੰਦਰ ਤੇ ਸ਼ੌਕਤ ਨਾਲ ਆਪਣੀ ਟੀਮ ਵੱਲੋਂ ਦੋ-ਦੋ ਗੋਲ ਕੀਤੇ ਜਦਕਿ ਵਿਕਰਮ, ਥਲੀਲ ਤੇ ਦੀਪਕ ਨੇ ਵੀ ਇਕ ਇਕ ਗੋਲ ਕਰਨ 'ਚ ਬਾਜ਼ੀ ਮਾਰੀ। ਪੂਰੇ ਮੈਚ ਦੌਰਾਨ ਸੈਂਟ ਸਟੀਫਨ ਦੀ ਟੀਮ ਦੀ ਇਕ ਨਾ ਚੱਲੀ ਤੇ ਉਹ ਵਿਰੋਧੀ ਟੀਮ ਤੇ ਇਕ ਵੀ ਗੋਲ ਨਾ ਕਰ ਸਕੀ। ਇਸੇ ਦੌਰਾਨ ਟੂਰਨਾਮੈਂਟ ਦਾ ਵਧੀਆ ਗੋਲਕੀਪਰ ਦਾ ਐਵਾਰਡ ਅਨਮੋਲ ਗੁਪਤਾ ਦੇ ਹਿੱਸੇ ਆਇਆ। ਸਭ ਤੋਂ ਵੱਧ ਇਸ ਟੂਰਨਾਮੈਂਟ ਵਿਚ ਗੋਲ ਕਰਨ ਦਾ ਸੁਭਾਗ ਮੁਹੰਮਦ ਸ਼ੌਕਤ ਨੇ ਹਾਸਲ ਕੀਤਾ। ਟੂਰਨਾਮੈਂਟ ਵਿਚ ਸਾਫ਼ ਸੁਥਰੀ ਖੇਡ ਦਾ ਮਾਣ ਏ ਥਾਪਾ ਨੂੰ ਮਿਲਿਆ। ਇਸ ਮੌਕੇ ਇਸ ਟੂਰਨਾਮੈਂਟ ਦੇ ਮੁਖੀ ਜੇ ਨਾਸਿਰੀ ਨੇ ਕਿਹਾ ਕਿ ਉਨ੍ਹਾਂ ਦਾ ਇਸ ਟੂਰਨਾਮੈਂਟ ਨੂੰ ਕਰਵਾਉਣ ਦਾ ਮਕਸਦ ਬੱਚਿਆਂ ਤੇ ਨੌਜਵਾਨ ਪੀੜ੍ਹੀ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨਾ ਸੀ, ਜਿਸ ਵਿਚ ਕਾਫ਼ੀ ਹੱਦ ਤੱਕ ਸਫ਼ਲ ਵੀ ਹੋਏ ਹਨ।